# ਗੁਰੂ ਨਾਨਕ ਦੇਵ ਜੀ

ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਪਹਿਲੇ ਗੁਰੂ ਅਤੇ ਪੰਜਾਬੀ ਦੇ ਸ੍ਰੇਸ਼ਟ ਕਵੀ ਹੋਏ ਹਨ। ਆਪ ਜੀ ਦਾ ਜਨਮ 15 ਅਪਰੈਲ 1469 ਈ: ਨੂੰ ਰਾਇ ਭੋਇੰ ਦੀ ਤਲਵੰਡੀ (ਨਨਕਾਣਾ ਸਾਹਿਬ) ਜਿਲ੍ਹਾ ਸ਼ੇਖ਼ੂਪੁਰਾ (ਪਾਕਿਸਤਾਨ) ਵਿਖੇ ਮਾਤਾ ਤ੍ਰਿਪਤਾ ਅਤੇ ਪਿਤਾ ਕਲਿਆਣ ਦਾਸ (ਮਹਿਤਾ ਕਾਲੂ) ਦੇ ਘਰ ਹੋਇਆ। ਬਾਬਾ ਨਾਨਕ ਜੀ ਬਚਪਨ ਤੋਂ ਹੀ ਵਿੱਲਖਣ ਸ਼ਖ਼ਸੀਅਤ ਦੇ ਮਾਲਕ ਸਨ। ਆਪ ਅਧਿਆਤਮਿਕ ਵਿਚਾਰਾਂ ਦੇ ਧਾਰਨੀ ਸਨ ਅਤੇ ਹਰ ਵੇਲੇ ਰੱਬ ਦੀ ਭਗਤੀ ਵਿੱਚ ਲੀਨ ਰਹਿੰਦੇ ਸਨ।

ਆਪ ਜੀ ਦੇ ਜੀਵਨ ਵਿੱਚ ਆਪ ਦੀ ਵੱਡੀ ਭੈਣ ਬੇਬੇ ਨਾਨਕੀ ਤੇ ਜੀਜਾ ਜੈ ਰਾਮ ਨੇ ਬਹੁਤ ਵੱਡਾ ਯੋਗਦਾਨ ਪਾਇਆ। ਭੈਣ ਦੇ ਕਹੇ ਅਨੁਸਾਰ ਹੀ ਗੁਰੂ ਜੀ ਤਲਵੰਡੀ ਤੋਂ ਸੁਲਤਾਨਪੁਰ ਚਲੇ ਗਏ ਅਤੇ ਮੋਦੀਖਾਨੇ ਵਿੱਚ ਨੌਕਰੀ ਕੀਤੀ। ਇੱਥੋਂ ਹੀ ਧਰਮ ਪ੍ਰਚਾਰ ਲਈ ਦੇਸ-ਵਿਦੇਸ ਦਾ ਰਟਨ ਸੁਰੂ ਕੀਤਾ। ਆਪ ਦੀਆ ਯਾਤਰਾਵਾਂ- ਫੇਰੀਆਂ ਨੂੰ ਸਿੱਖ ਧਰਮ ਵਿੱਚ ਉਦਾਸੀਆਂ ਨਾਲ ਯਾਦ ਕੀਤਾ ਜਾਂਦਾ ਹੈ। ਉਦਾਸੀਆਂ ਦੇ ਦੌਰਾਨ ਗੁਰੂ ਨਾਨਕ ਦੇਵ ਜੀ ਅਨੇਕ ਰਾਜਿਆਂ-ਮਹਾਰਾਜਿਆਂ, ਪੰਡਿਤਾਂ, ਮੁਲਾਂ-ਮੁਲਾਣਿਆ, ਪੁੰਨੀਆਂ-ਪਾਪੀਆਂ, ਅਨੇਕ ਫਿਰਕਿਆਂ, ਵਰਗਾਂ ਤੇ ਧਰਮਾਂ ਦੇ ਲੋਕਾਂ ਨੂੰ ਮਿਲੇ। ਉਹਨਾਂ ਨਾਲ ਵਿਚਾਰ-ਵਟਾਂਦਰਾ ਅਤੇ ਗੋਸ਼ਟੀਆਂ ਕੀਤੀਆਂ। ਇਸ ਤਰ੍ਹਾਂ ਆਪ ਨੇ ਲਗਭਗ ਬਾਈ ਸਾਲ ਦੇਸਾਂ-ਪਰਦੇਸਾਂ ਦੀ ਯਾਤਰਾ ਕੀਤੀ। ਅੰਤ ਨੂੰ ਕਰਤਾਰ ਪੁਰ ਵਿਖੇ 1539 ਈ: ਨੂੰ ਜੋਤੀ ਜੋਤ ਸਮਾ ਗਏ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਪ ਦੇ 974 ਸ਼ਬਦ ਦਰਜ ਹਨ। ਆਪ ਨੇ 19 ਰਾਗਾਂ ਵਿਚ ਬਾਣੀ ਰਚੀ। ਆਪ ਦੀ ਬਾਣੀ ਵਿਚ ਫਾਰਸੀ, ਅਰਬੀ, ਹਿੰਦੀ ਅਤੇ ਸੰਸਕ੍ਰਿਤ ਆਦਿ ਭਾਸ਼ਾਵਾਂ ਦੇ ਬਹੁਤ ਸਾਰੇ ਸ਼ਬਦ ਮਿਲਦੇ ਹਨ। ਪਰ ਫਿਰ ਵੀ ਇਸ ਦੀ ਠੁੱਕ ਪੰਜਾਬੀ ਹੈ ਅਤੇ ਇਸ ਵਿਚ ਪੰਜਾਬ ਦੀ ਧਰਤੀ ਦੀ ਸੁਗੰਧ ਹੈ। ਆਪ ਨੇ ਸਲੋਕ, ਛੰਦ, ਸੋਹਲੇ, ਵਾਰ, ਬਾਰਾਮਾਹ, ਅਸ਼ਟਪਦੀਆਂ ਆਦਿ ਕਾਵਿ-ਰੂਪਾਂ ਵਿਚ ਬਾਣੀ ਰਚੀ। 'ਜਪੁਜੀ', 'ਆਸਾ ਦੀ ਵਾਰ', 'ਸਿਧ ਗੋਸ਼ਟਿ', 'ਬਾਰਾਮਾਹ ਤੁਖ਼ਾਰੀ', 'ਪੱਟੀ', 'ਥਿਤੀ', 'ਓਅੰਕਾਰ' ਆਦਿ ਆਪ ਦੀਆਂ ਪ੍ਰਮੁੱਖ ਰਚਨਾਵਾਂ ਹਨ।

ਆਪ ਜੀ ਦੀ ਬਾਣੀ ਵਿੱਚ ਰਾਗ ਅਤੇ ਕਾਵਿ ਦਾ ਸੁਮੇਲ ਹੈ। ਬਿੰਬਾਵਲੀ, ਛੰਦ-ਪ੍ਰਬੰਧ ਆਦਿ ਪੱਖੋਂ ਇਹ ਬਾਣੀ ਉੱਚ ਪਾਇ ਦੀ ਹੈ। ਜਨ-ਸਾਧਾਰਨ ਪੱਧਰ ਦੀ ਬੋਲੀ ਵਿੱਚ ਰਚੀ ਗਈ ਬਾਣੀ ਆਮ ਲੋਕਾਂ ਦੀ ਸਮਝ ਆਉਣ ਵਾਲੀ ਅਤੇ ਅਧਿਆਤਮਿਕਤਾ ਦਾ ਸੁਨੇਹਾ ਦੇਣ ਵਾਲੀ ਹੈ। ਇਸ ਦੇ ਨਾਲ ਹੀ ਬਾਣੀ ਕਮਜ਼ੋਰ ਤੇ ਲਿਤਾੜੇ ਵਰਗ ਦੇ ਹਿੱਤਾਂ ਦੀ ਆਵਾਜ਼ ਵੀ ਬੁਲੰਦ ਕਰਦੀ ਹੈ।

# ਗਗਨ ਮੈ ਥਾਲੁ

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥

ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥

ਕੈਸੀ ਆਰਤੀ ਹੋਇ ॥

ਭਵ ਖੰਡਨਾ ਤੇਰੀ ਆਰਤੀ ॥

ਅਨਹਤਾ ਸਬਦ ਵਾਜੰਤ ਭੇਰੀ ॥੧॥ ਰਹਾਉ ॥

ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋੁਹੀ ॥

ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ ॥੨॥

ਸਭ ਮਹਿ ਜੋਤਿ ਜੋਤਿ ਹੈ ਸੋਇ ॥

ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥

ਗੁਰ ਸਾਖੀ ਜੋਤਿ ਪਰਗਟੁ ਹੋਇ ॥

ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥

ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੋੁ ਮੋਹਿ ਆਹੀ ਪਿਆਸਾ ॥

ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਇ ਵਾਸਾ ॥੪॥੩॥

**(ਗਗਨ- ਅਸਮਾਨ, ਰਵਿ- ਸੂਰਜ, ਜਨਕ- ਮਾਨੋਂ, ਮਲਆਨਲੋ- ਮਲਯ ਪਰਬਤ(ਜਿੱਥੇ ਚੰਦਨ ਬਹੁਤ ਹੁੰਦਾ ਹੈ) ਤੋਂ ਆਉਣ ਵਾਲੀ ਹਵਾ, ਬਨਰਾਇ- ਬਨਸਪਤੀ, ਫੂਲੰਤ- ਫੁੱਲ ਦੇ ਰਹੀ ਹੈ, ਭਵਖੰਡਨਾ- ਜਨਮ-ਮਰਨ ਨੂੰ ਕੱਟਣ ਵਾਲੇ, ਅਨਹਤਾ- ਜੋ ਬਿਨਾ ਵਜਾਏ ਵੱਜੇ/ਇਕ ਰਸ, ਭੇਰੀ- ਛੋਟਾ ਨਗਾਰਾ, ਸਹਸ- ਸੈਂਕੜੇ, ਬਿਮਲ- ਸਾਫ਼/ ਮੈਲ ਤੋਂ ਬਿਨਾਂ/ ਪਵਿੱਤਰ, ਚਲਤ-ਕੌਤਕ/ਅਸਚਰਜ ਖੇਡ, ਗੁਰਸਾਖੀ- ਗੁਰੂ ਦੀ ਸਿੱਖਿਆ, ਮਕਰੰਦ- ਫੁੱਲਾਂ ਦਾ ਰਸ, ਅਨਦਿਨੋ- ਦਿਨ ਪ੍ਰਤੀਦਿਨ/ਹਰ ਰੋਜ਼, ਸਾਰਿੰਗ- ਪਪੀਹਾ/ ਚਾਤ੍ਰਿਕ)**

## ਖੁਰਾਸਾਨ ਖਸਮਾਨਾ ਕੀਆ

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥

ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥

ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ ॥੧॥

ਕਰਤਾ ਤੂੰ ਸਭਨਾ ਕਾ ਸੋਈ ॥

ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥੧॥ ਰਹਾਉ ॥

ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ ॥

ਰਤਨ ਵਿਗਾੜਿ ਵਿਗੋਏ ਕੁਤੀ ਮੁਇਆ ਸਾਰ ਨ ਕਾਈ ॥

ਆਪੇ ਜੋੜਿ ਵਿਛੋੜੇ ਆਪੇ ਵੇਖੁ ਤੇਰੀ ਵਡਿਆਈ ॥੨॥

ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ ॥

ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ ॥

ਮਰਿ ਮਰਿ ਜੀਵੈ ਤਾ ਕਿਛੁ ਪਾਏ ਨਾਨਕ ਨਾਮੁ ਵਖਾਣੇ ॥੩॥੫॥੩੯॥

**(ਖੁਰਾਸਾਨ- ਈਰਾਨ ਦੇ ਪੂਰਬ ਤੇ ਅਫਗਾਨਿਸਤਾਨ ਦੇ ਪੱਛਮ ਵੱਲ ਦਾ ਦੇਸ਼, ਖਸਮਾਨਾ- ਸਪੁਰਦਗੀ, ਕਰਤਾ-ਕਰਤਾਰ, ਮੁਗਲੁ- ਬਾਬਰ, ਕੁਰਲਾਣੈ- ਪੁਕਾਰ ਉਠੇ, ਸਕਤਾ- ਤਕੜਾ, ਰੋਸੁ- ਗੁੱਸਾ/ਗਿਲਾ, ਵਗੈ- ਨਿਹੱਥਿਆਂ ਨੂੰ/ ਗ਼ਰੀਬਾਂ ਨੂੰ, ਪੁਰਸਾਈ- ਪੁੱਛ ਗਿੱਛ, ਰਤਨ ਵਿਗਾੜਿ- ਰਤਨਾਂ ਵਰਗੇ ਇਸਤਰੀਆਂ-ਮਰਦ, ਵਿਗੋਏ- ਨਾਸ ਕਰ ਦਿੱਤੇ/ਖ਼ੁਆਰ ਕੀਤੇ, ਕੁਤੀਂ- ਕੁੱਤਿਆਂ ਨੇ/ਮੁਗ਼ਲਾਂ ਨੇ, ਸਾਦ ਕਰੇ- ਰੰਗ ਰਲੀਆਂ)**

## ਸਿੰਮਲ ਰੁਖੁ ਸਰਾਇਰਾ

ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ ॥

ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ ॥

ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ ॥

ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥

ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ ॥

ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ ॥
ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ ॥

ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥੧ ॥

**(ਸਰਾਇਰਾ- ਸਿੱਧਾ, ਦੀਰਘ- ਲੰਮਾ, ਮੁਚੁ- ਵੱਡਾ,ਕਿਤੁ- ਕਿਉਂ,ਪਤ- ਪੱਤਰ/ਪੱਤੇ, ਓਇ- ਉਹ, ਤਤੁ- ਸਾਰ, ਗਉਰਾ - ਭਾਰਾ, ਹੰਤਾ- ਮਾਰਨ ਵਾਲਾ, ਸੀਸ ਨਿਵਾਇਐ- ਜੇ ਨਿਰਾ ਸਿਰ ਨਿਵਾਇਆ ਜਾਏ, ਕੁਸੁਧੇ- ਖੋਟੇ)**

## ਅਭਿਆਸ-ਪ੍ਰਸ਼ਨ

1. ਹੇਠ ਲਿਖੀਆਂ ਕਾਵਿ-ਤੁਕਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

(ੳ) ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥
ਗੁਰ ਸਾਖੀ ਜੋਤਿ ਪਰਗਟੁ ਹੋਇ ॥
ਜੋ ਤਿਸੁ ਭਾਵੈ ਸੁ ਆਰਤੀ ਹੋਇ ॥

(ਅ) ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥
ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ ॥

2. 'ਸਿੰਮਲ ਰੁਖ ਸਰਾਇਰਾ' ਸ਼ਬਦ ਦਾ ਕੇਂਦਰੀ ਭਾਵ ਲਿਖੋ।

3. 'ਗਗਨ ਮੈ ਥਾਲੁ' ਸ਼ਬਦ ਵਿੱਚ ਪ੍ਰਗਟ ਕੀਤੇ ਗਏ ਵਿਚਾਰਾਂ ਦਾ ਸਾਰ ਲਿਖੋ।

4. 'ਖੁਰਾਸਾਨ ਖਸਮਾਨਾ ਕੀਆ' ਸ਼ਬਦ ਵਿਚ ਗੁਰੂ ਜੀ ਰੱਬ ਨੂੰ ਕੀ ਉਲਾਮ੍ਹਾਂ ਦੇ ਰਹੇ ਹਨ ? ਆਪਣੇ ਸ਼ਬਦਾਂ ਵਿਚ ਲਿਖੋ।

5.'ਸਿੰਮਲ ਰੁਖੁ ਸਰਾਇਰਾ' ਸ਼ਬਦ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ ?

6. 'ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ' ਤੁਕ ਤੋਂ ਕੀ ਭਾਵ ਹੈ ?